# ਲੋਕ ਗੀਤਾਂ ਦਾ ਭਾਸ਼ਾਈ ਸੰਚਾਲਕ ਮਾਡਲ

**ਨਵੀਨ ਕੁਮਾਰ**
**ਅਸਿਸਟੈਂਟ ਪ੍ਰੋਫੈਸਰ**
**ਪੰਜਾਬੀ ਵਿਭਾਗ**
**ਖਾਲਸਾ ਕਾਲਜ (ਅੰਮ੍ਰਿਤਸਰ) ਆਫ਼ ਟੈਕਨਾਲੋਜੀ ਐਂਡ ਬਿਜ਼ਨਸ਼ ਸਟੱਡੀਜ਼, ਮੋਹਾਲੀ**

ਕੋਈ ਵੀ ਵਸਤੂ ਬਹੁਤ ਸਾਰੇ ਮੁੱਲ ਵਿਧਾਨਾਂ ਅਤੇ ਮਾਪਦੰਡਾਂ ਦੀ ਧਾਰਨੀ ਹੋ ਸਕਦੀ ਹੈ। ਹਰ ਵਸਤੂ ਦਾ ਆਂਤਰਿਕ ਮੁਲਾਂਕਣ ਕਰਨ ਦੇ ਨਾਲ-ਨਾਲ ਉਸਦਾ ਕਲਾਤਮਿਕ ਮੁਲਾਂਕਣ ਵੀ ਹੁੰਦਾ ਹੈ। ਜਿੱਥੇ ਉਸ ਵਸਤੂ ਦਾ ਮੁਲਾਂਕਣ ਸਮਾਜਿਕ, ਆਰਥਿਕ, ਧਾਰਮਿਕ, ਨੈਤਿਕ ਅਤੇ ਸਭਿਆਚਾਰਕ ਪ੍ਰਤੀਨਿਧਤਾ ਕਰਦਾ ਹੈ ਉੱਥੇ ਵਸਤੂ ਵਿਚਲਾ ਆਂਤਰਿਕ ਗੁਣ, ਉਸਦੀ ਸਾਰਥਿਕਤਾ, ਸਮੱਰਥਾ, ਯੋਗਤਾ ਅਤੇ ਉਦੇਸ਼, ਵਸਤੂ ਦਾ ਅਧਿਐਨ ਜਾਂ ਮੁਲਾਂਕਣ ਕਰਦਾ ਹੈ। ਚੇਤਨਾ ਦੇ ਆਧੁਨਿਕ ਦੌਰ ਵਿਚ ਵਿਭਿੰਨ ਅੰਤਰ-ਅਨੁਸ਼ਾਸਨੀ ਵਿਧੀਆਂ ਨੇ ਅਧਿਐਨ ਦੀ ਇਕ ਵਿਕਸਿਤ ਕੜੀ ਨੂੰ ਜਨਮ ਦਿੱਤਾ ਹੈ ਜਿਸਦੇ ਤਹਿਤ ਅਜਿਹੇ ਵਿਭਿੰਨ ਸੰਕਲਪ, ਸਿਧਾਂਤ, ਵਿਧੀਆਂ, ਜੁਗਤਾਂ ਅਤੇ ਮਾਡਲ ਹੋਂਦ ਵਿਚ ਆਏ ਹਨ ਜਿਹੜੀਆਂ ਵਿਭਿੰਨ ਸਭਿਆਚਾਰਕ ਸਿਰਜਨਾਵਾਂ ਦੇ ਸਮਾਨ ਸੰਰਚਨਾਤਮਕ ਨਿਯਮਾਂ ਦੀ ਪਛਾਣ ਕਰਵਾਉਂਦੇ ਹਨ।

ਮਾਡਲ ਸਿਧਾਂਤ ਦੀ ਪਰਿਕਲਪਨਾ ਜਾਂ ਪਰਛਾਈ ਮੰਨਿਆ ਜਾਂਦਾ ਹੈ। ਮਾਡਲ ਵਿਚ ਕਿਸੇ ਵਿਅਕਤੀ, ਵਸਤੂ ਅਤੇ ਸਥਾਨ ਆਦਿ ਨੂੰ ਵਿਚਾਰਦੇ ਹੋਏ ਉਸਨੂੰ ਕੇਂਦਰ ਵਿਚ ਰੱਖਕੇ ਉਸ ਨੂੰ ਗੁਣਾਂ, ਔਗੁਣਾਂ ਅਤੇ ਦੋਸ਼ਾਂ ਆਦਿ ਨਾਲ ਉਸਾਰਿਆ ਜਾਂਦਾ ਹੈ ਅਤੇ ਇਕ ਕੜੀ ਜਾਂ ਮਾਲਾ ਵਾਂਗ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਮਾਡਲ ਵਿਚ ਕੋਡਾਂ, ਵਿਗਿਆਨਕ ਫਾਰਮੂਲਿਆਂ, ਚਿੰਨ੍ਹਾਂ, ਟਾਈਪਾਂ, ਫੰਕਸ਼ਨਾਂ, ਬਣਤਰਾਂ ਅਤੇ ਗਣਿਤ ਸ਼ਾਸਤਰਾਂ ਜਾਂ ਵਿਗਿਆਨ ਦਾ ਸਹਾਰਾ ਲੈ ਕੇ ਪ੍ਰਕਾਰਜਾਂ ਨੂੰ ਪੇਸ਼ ਕਰਨਾ ਹੁੰਦਾ ਹੈ। ਜਦੋਂ ਲੋਕ-ਗੀਤਾਂ ਨੂੰ ਭਾਸ਼ਾਈ ਸੰਚਾਲਕ ਮਾਡਲ ਦੇ ਰੂਪ ਅਨੁਸਾਰ ਵਰਤ ਕੇ ਦੇਖਦੇ ਹਾਂ ਤਾਂ ਇਨ੍ਹਾਂ ਨੂੰ ਸਮਝਣ ਵਿਚ ਸੋਖਾਈ ਮਹਿਸੂਸ ਹੁੰਦੀ ਹੈ ਕਿਉਂਕਿ ਭਾਸ਼ਾ ਵਿਗਿਆਨੀਆਂ ਨੇ ਜੋ ਮਾਡਲ ਇਨ੍ਹਾਂ ਲਈ ਵਰਤੇ ਹਨ ਉਹ ਆਪਣੇ ਆਪ ਵਿਚ ਆਪਣੇ ਮੂਲ ਸੰਦਰਭ ਦੀ ਵਿਆਖਿਆ ਕਰਦੇ ਹੋਏ ਆਪਣੇ ਰੀਤੀ-ਰਿਵਾਜ਼ ਨੂੰ ਵੱਖਰੇ ਸੰਦਰਭ ਵਿਚ ਪੇਸ਼ ਕਰਦੇ ਹਨ। ਆਪਣੇ

ਹਥਲੇ ਖੋਜ-ਪੇਪਰ ਵਿਚ ਲੋਕ-ਗੀਤਾਂ ਨੂੰ ਅਧਾਰ ਬਣਾ ਕੇ ਉਪ ਸਭਿਆਚਾਰ ਅਧਿਐਨ ਦੇ ਅੰਤਰਗਤ ਭਾਸ਼ਾਈ ਸੰਚਾਲਕ ਮਾਡਲ ਨੂੰ ਤਲਾਸ਼ਣ ਦੀ ਕੋਸ਼ਿਸ਼ ਕੀਤੀ ਹੈ, ਜੋ ਖੋਜ-ਕਾਰਜਾਂ ਵਿਚ ਇਕ ਨਵੀਂ ਸੇਧ ਦੇਣ ਵਿਚ ਸਹਾਈ ਸਿੱਧ ਹੋਵੇਗੀ।

ਸਾਹਿਤ ਅਧਿਐਨ ਸਿਧਾਂਤਕ ਅਤੇ ਵਿਵਹਾਰਕ ਵਰਤਾਰਾ ਹੈ, ਜਿਸਨੂੰ ਨਿਰੰਤਰ ਗਿਆਨ ਦੇ ਵਿਕਾਸ ਦਾ ਮੁੱਖ ਸੋਮਾ ਮੰਨਿਆ ਜਾਂਦਾ ਹੈ। ਸਿਧਾਂਤਕ ਅਧਿਐਨ ਇਕ-ਤਰਫੀ ਹੁੰਦਾ ਹੈ ਅਤੇ ਵਿਹਾਰਕ ਅਧਿਐਨ ਬਹੁ-ਪਰਤੀ ਹੁੰਦਾ ਹੈ। **ਅੰਗਰੇਜ਼ੀ-ਪੰਜਾਬੀ ਕੋਸ਼ ਵਿਚ ਸਟੱਡੀ ਦੇ ਅਰਥ ਹਨ, ''Study ਦੇ ਅਰਥ ਹਨ – ਪੜ੍ਹਾਈ, ਪਾਠ, ਅਭਿਆਸ, ਘੋਖ (ਕਿਸੇ ਖਾਸ ਕਲਾ ਜਾਂ ਵਿਦਿਆ ਦਾ), ਅਧਿਐਨ ਵਿਸ਼ਾ, ਚਿੰਤਨ ਜਾਂ ਸਾਧਨਾ ਦੁਆਰਾ ਪ੍ਰਾਪਤ ਵਸਤੂ ਆਦਿ।''**[1] ਅਧਿਐਨ ਦੇ ਅਰਥ ਘੋਖਣਾ, ਵਿਚਾਰ ਕਰਨਾ, ਜਾਂਚ ਪੜਤਾਲ ਕਰਨਾ, ਪਰਖਣਾ ਅਤੇ ਨਿਰੀਖਣ ਆਦਿ ਤੋਂ ਲਿਆ ਗਿਆ ਹੈ। ਅਧਿਐਨ ਕਰਨ ਸਮੇਂ ਸਿਧਾਂਤਕ ਪੱਖ ਦੇ ਨਾਲ-ਨਾਲ ਵਿਹਾਰਕ ਪੱਖ ਨੂੰ ਵਿਚਾਰਨਾ ਪੈਂਦਾ ਹੈ। ਕੋਈ ਵੀ ਵਸਤੂ ਬਹੁਤ ਸਾਰੇ ਮੁੱਲ ਵਿਧਾਨਾਂ ਅਤੇ ਮਾਪਦੰਡਾਂ ਦੀ ਧਾਰਨੀ ਹੋ ਸਕਦੀ ਹੈ। ਹਰ ਵਸਤੂ ਦਾ ਆਂਤਰਿਕ ਮੁਲਾਂਕਣ ਕਰਨ ਦੇ ਨਾਲ-ਨਾਲ ਉਸਦਾ ਕਲਾਤਮਿਕ ਮੁਲਾਂਕਣ ਵੀ ਹੁੰਦਾ ਹੈ। ਜਿੱਥੇ ਉਸ ਵਸਤੂ ਦਾ ਮੁਲਾਂਕਣ ਸਮਾਜਿਕ, ਆਰਥਿਕ, ਧਾਰਮਿਕ, ਨੈਤਿਕ ਅਤੇ ਸਭਿਆਚਾਰਕ ਪ੍ਰਤੀਨਿਧਤਾ ਕਰਦਾ ਹੈ ਉੱਥੇ ਵਸਤੂ ਵਿਚਲਾ ਆਂਤਰਿਕ ਗੁਣ, ਉਸਦੀ ਸਾਰਥਿਕਤਾ, ਸਮੱਰਥਾ, ਯੋਗਤਾ ਅਤੇ ਉਦੇਸ਼ ਵਸਤੂ ਦਾ ਅਧਿਐਨ ਜਾਂ ਮੁਲਾਂਕਣ ਕਰਦਾ ਹੈ। ਚੇਤਨਾ ਦੇ ਆਧੁਨਿਕ ਦੌਰ ਵਿਚ ਵਿਭਿੰਨ ਅੰਤਰ-ਅਨੁਸ਼ਾਸਨੀ ਵਿਧੀਆਂ ਨੇ ਅਧਿਐਨ ਦੀ ਇਕ ਵਿਕਸਿਤ ਕੜੀ ਨੂੰ ਜਨਮ ਦਿੱਤਾ ਹੈ ਜਿਸਦੇ ਤਹਿਤ ਅਜਿਹੇ ਵਿਭਿੰਨ ਸੰਕਲਪ, ਸਿਧਾਂਤ, ਵਿਧੀਆਂ, ਜੁਗਤਾਂ ਅਤੇ ਮਾਡਲ ਹੋਂਦ ਵਿਚ ਆਏ ਹਨ ਜਿਹੜੀਆਂ ਵਿਭਿੰਨ ਸਭਿਆਚਾਰਕ ਸਿਰਜਨਾਵਾਂ ਦੇ ਸਮਾਨ ਸੰਰਚਨਾਤਮਕ ਨਿਯਮਾਂ ਦੀ ਪਛਾਣ ਕਰਵਾਉਂਦੇ ਹਨ।

ਮਾਡਲ ਸਿਧਾਂਤ ਦੀ ਪਰਿਕਲਪਨਾ ਜਾਂ ਪਰਛਾਈ ਮੰਨਿਆ ਜਾਂਦਾ ਹੈ। ਮਾਡਲ ਵਿਚ ਕਿਸੇ ਵਿਅਕਤੀ, ਵਸਤੂ ਅਤੇ ਸਥਾਨ ਆਦਿ ਨੂੰ ਵਿਚਾਰਦੇ ਹੋਏ ਉਸਨੂੰ ਕੇਂਦਰ ਵਿਚ ਰੱਖਕੇ ਉਸ ਨੂੰ ਗੁਣਾਂ, ਔਗੁਣਾਂ ਅਤੇ ਦੋਸ਼ਾਂ ਆਦਿ ਨਾਲ ਉਸਾਰਿਆ ਜਾਂਦਾ ਹੈ ਅਤੇ ਇਕ ਕੜੀ ਜਾਂ ਮਾਲਾ ਵਾਂਗ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਮਾਡਲ ਵਿਚ ਕੋਡਾਂ, ਵਿਗਿਆਨਕ ਫਾਰਮੂਲਿਆਂ, ਚਿੰਨ੍ਹਾਂ, ਟਾਈਪਾਂ, ਫੰਕਸ਼ਨਾਂ, ਬਣਤਰਾਂ ਅਤੇ ਗਣਿਤ ਸ਼ਾਸਤਰਾਂ ਜਾਂ ਵਿਗਿਆਨ ਦਾ ਸਹਾਰਾ ਲੈ ਕੇ ਪ੍ਰਕਾਰਜਾਂ ਨੂੰ ਪੇਸ਼ ਕਰਨਾ

ਹੁੰਦਾ ਹੈ। **ਪੰਜਾਬੀ ਦੇ ਉੱਘੇ ਲੋਕਧਾਰਾ ਸ਼ਾਸਤਰੀ ਡਾ.ਨਾਹਰ ਸਿੰਘ ਦੇ ਅਨੁਸਾਰ, ''ਰੂਪਾਕਾਰ ਦੀ ਹੋਂਦ ਸਹਿਤ ਦੀ ਸਿਰਜਣਾ ਸਮੇਂ, ਸਹਿਤਕਾਰ ਅੱਗੇ ਇਕ 'ਮਾਡਲ' ਵਜੋਂ ਪਈ ਹੁੰਦੀ ਹੈ। ਮਾਡਲ ਦੀ ਚੋਣ ਲੇਖਕ ਦੇ ਅਨੁਭਵ ਅਰਥਾਤ ਪੇਸ਼ ਹੋ ਰਹੀ ਵਸਤੂ ਦੀਆਂ ਆਂਤਰਕ ਲੋੜਾਂ ਅਤੇ 'ਵਿਚਾਰ' ਉਤੇ ਨਿਰਭਰ ਕਰਦੀ ਹੈ।**''[2] ਕੋਈ ਵੀ ਰੂਪਾਕਾਰ ਦੀ ਹੋਂਦ ਖੁਦਮੁਖਤਿਆਰੀ ਹੋਣ ਕਾਰਨ ਵਿਅਕਤੀ ਜਾਂ ਲੇਖਕ ਦੀ ਸਮੱਰਥਾ ਤੋਂ ਵੱਧ ਹੁੰਦਾ ਹੈ। ਮਾਡਲ ਦੇ ਆਧਾਰ 'ਤੇ ਹੀ ਕਿਸੇ ਖਾਸ ਵੰਨਗੀ ਨੂੰ ਵੱਖ-ਵੱਖ ਪੱਖਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ ਜਿਵੇਂ ਸਮਾਜਿਕ, ਆਰਥਿਕ, ਸਾਹਿਤਕ, ਸਭਿਆਚਾਰਕ, ਮਨੋਵਿਗਿਆਨ ਆਦਿ ਅਧੀਨ ਕਿਸੇ ਵੰਨਗੀ ਦੀ ਪ੍ਰਾਕ੍ਰਿਤੀ, ਪ੍ਰਕਾਰਜ, ਤੱਤਾਂ, ਵਖਰੇਵਿਆਂ, ਸਾਂਝ ਅਤੇ ਖੇਤਰ ਆਦਿ ਨੂੰ ਪੇਸ਼ ਕਰਨ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਜਾਂਦੀ ਹੈ। ਮਾਡਲ ਚੋਣ ਲੋਕ ਸਮੂਹ ਦੇ ਅਨੁਭਵ ਅਰਥਾਤ ਪੇਸ਼ ਹੋ ਰਹੀ ਵਸਤੂ/ਵਰਤਾਰਿਆਂ ਦੀਆਂ ਆਂਤਰਿਕ ਲੋੜਾਂ ਅਤੇ ਵਿਚਾਰਾਂ ਉੱਤੇ ਨਿਰਭਰ ਕਰਦੀ ਹੈ। ਲੋਕ-ਗੀਤਾਂ ਦੇ ਮਾਡਲ ਨੂੰ ਨਿਰਧਾਰਿਤ ਕਰਨ ਵਾਲਾ ਤੱਤ ਕੇਵਲ ਵਸਤੂ ਹੀ ਨਹੀਂ ਸਗੋਂ ਹੋਰ ਬਹੁਤ ਸਾਰੇ ਤੱਤ ਵੀ ਹੁੰਦੇ ਹਨ। **ਡਾ. ਕਰਨੈਲ ਸਿੰਘ ਥਿੰਦ ਅਨੁਸਾਰ, ''ਸ਼ਾਸਤਰੀ ਦਾ ਸ਼ਾਬਦਿਕ ਅਰਥ ਸੂਖਮ, ਉਤਕ੍ਰਿਸ਼ਟ ਅਤੇ ਨਿਯਮਬੱਧ ਹੈ। ਵਿਸ਼ੇਸ਼ ਨਿਯਮਾਂ ਜਾਂ ਸਾਹਿਤਚਾਰੀਆਂ ਅਥਵਾ ਆਲੋਚਕਾਂ ਵੱਲੋਂ ਨਿਸ਼ਚਿਤ ਕੀਤੇ ਗਏ ਕਾਵਿ-ਰੂਪਾਂ ਨੂੰ ਸ਼ਾਸਤਰੀ ਸ਼੍ਰੇਣੀ ਗਿਣਿਆ ਜਾਵੇਗਾ, ਜਿਵੇਂ ਮਹਾਕਾਵਿ, ਨਿਬੰਧ ਕਾਵਿ, ਪ੍ਰਬੰਧ ਕਾਵਿ, ਮੁਕਤਕ ਕਾਵਿ, ਗੀਤ ਕਾਵਿ ਆਦਿ।**''[3] ਉੱਘੇ ਲੋਕਯਾਨ ਸ਼ਾਸਤਰੀ ਡਾ. ਕਰਨੈਲ ਸਿੰਘ ਥਿੰਦ ਸ਼ਾਸਤਰੀ ਤੋਂ ਭਾਵ ਉਹ ਕਾਵਿ ਜੋ ਸੂਖਮ ਹੋਵੇ, ਯੋਗ ਹੋਵੇ ਅਤੇ ਨੇਮਾਂ ਵਿਚ ਬੱਝਾ ਹੋਵੇ ਆਦਿ ਲੈਂਦਾ ਹੈ। ਵਿਸ਼ੇਸ਼ ਨੇਮ ਸ਼ਾਸਤਰੀਆਂ, ਸਾਹਿਤਚਾਰੀਆਂ ਅਤੇ ਆਲੋਚਕਾਂ ਨੇ ਕਾਵਿ-ਰੂਪਾਂ ਨੂੰ ਸ਼ਾਸਤਰੀ ਜਾਂ ਨੇਮਾਂ ਅਤੇ ਪ੍ਰਬੰਧਾਂ ਵਿਚ ਗਿਣਿਆ ਹੈ ਜਿਵੇਂ ਮਹਾ-ਕਾਵਿ, ਪ੍ਰਬੰਧ-ਕਾਵਿ, ਮੁਕਤਕ-ਕਾਵਿ ਅਤੇ ਗੀਤ-ਕਾਵਿ ਆਦਿ ਹਨ। ਲੋਕ-ਗੀਤਾਂ ਦਾ ਭਾਸ਼ਾ ਸੰਚਾਲਕ ਮਾਡਲ, ਲੋਕ-ਗੀਤਾਂ ਦੀ ਸਮੱਰਥਾ ਅਤੇ ਸਾਹਿਕਤਾ ਸਿੱਧ ਕਰਨ ਲਈ ਆਪਣੇ ਆਪ ਵਿਚ ਸੰਪੂਰਨ ਮਾਡਲ ਨਹੀਂ ਮੰਨਿਆ ਜਾ ਸਕਦਾ, ਜਦੋਂ ਤੱਕ ਹੋਰ ਚਿੰਤਨ ਪ੍ਰਣਾਲੀਆਂ ਦਾ ਸਹਾਰਾ ਨਹੀਂ ਲਵੇਗਾ। ਇੰਨ੍ਹਾਂ ਚਿੰਤਨ ਪ੍ਰਣਾਲੀਆਂ ਵਿਚ ਸੰਰਚਨਾਤਮਕ, ਚਿਹਨਾਤਮਕ, ਰੂਪਾਤਮਕ, ਭਾਸ਼ਾਈ, ਮਨੋਵਿਸ਼ਲੇਸ਼ਣਾਤਮਕ, ਇਤਿਹਾਸਕ, ਸਮਾਜਕ, ਸਭਿਆਚਾਰਕ ਆਦਿ ਆ ਜਾਂਦੀਆਂ ਹਨ।

ਲੋਕ-ਗੀਤਾਂ ਦੇ ਭਾਸ਼ਾਈ ਸੰਚਾਲਕ ਮਾਡਲ ਵਿਚੋਂ ਜਿਹੜਾ ਮਾਡਲ ਸਾਹਮਣੇ ਆਉਂਦਾ ਹੈ ਉਹ ਟ੍ਰਾਈ-ਫ਼ੰਕਸ਼ਨਲ ਮਾਡਲ, ਤ੍ਰੈ-ਪ੍ਰਕਾਰਜੀ ਜੁਗਤ ਜਾਂ ਤਿੰਨ ਪੱਖੀ ਜੁਗਤ ਆਦਿ। ਇਸ ਮਾਡਲ ਵਿਚ ਲੋਕ-ਗੀਤਾਂ ਦੇ ਮੁੱਖ ਨਾਇਕ ਜਿਸਨੂੰ ਸੰਰਚਨਾਤਮਕ ਵਿਰੇਚਨ ਵਿਚ ਮੁੱਖ ਕਰਤਾ/ਸਬਜੈਕਟ/ਨਾਇਕ/ਮੁੱਖ ਪਾਤਰ ਆਦਿ ਨੂੰ ਕਿਹਾ ਗਿਆ ਹੈ ਜਿਸ ਨੂੰ ‘A’ ਦੀ ਸੰਗਿਆ ਦਿੰਦੇ ਹਾਂ। ਉਸਦੇ ਮੰਤਵ/ਉਦੇਸ਼ ਜਾਂ ਸਥਿਤੀ ਨੂੰ ‘O’ ਨਾਲ ਸੰਬੋਧਨ ਕੀਤਾ ਗਿਆ ਹੈ। ਵਿਰੋਧੀ ਧਿਰ ‘B’ ਹੈ, ਇੰਜ ਜੋ ਵੀ ਸੂਤਰ ਬਣਦਾ ਹੈ ਉਸਦੇ ਅਨੁਸਾਰ :

A = ਨਾਇਕ/ਮੁੱਖ ਪਾਤਰ/ਕਰਤਾ/ਸਬਜੈਕਟ

B = ਵਿਰੋਧੀ ਧਿਰ

O = ਮੰਤਵ/ਉਦੇਸ਼

ਪੱਛਮੀ ਉੱਘੇ ਵਿਦਵਾਨ ਲੂਨਾਚਾਰਸਕੀ ਕਿਸੇ ਰਚਨਾ ਅੰਦਰ ਪਏ ਤੱਤਾਂ ਨੂੰ ਸਥਿਰ ਅਤੇ ਨਿਰਜਿੰਦ ਤੱਥ ਵਜੋਂ ਗ੍ਰਹਿਣ ਕਰਦਾ ਹੈ।‘‘**ਕਿਸੇ ਰੂਪ ਨੂੰ ਨਿਰਧਾਰਤ ਕਰਨ ਵਾਲਾ ਸਿਰਫ਼ ਇਸ ਦਾ ‘ਵਸਤੂ’ ਹੀ ਨਹੀਂ ਹੁੰਦਾ ਸਗੋਂ ਉਸ ਸ਼੍ਰੇਣੀ ਦੀ ਮਾਨਸਕਤਾ ਤੇ ਰਹਿਣੀ ਬਹਿਣੀ, ਕਿਸੇ ਸਭਿਆਚਾਰ ਦੀ ਵਸਤੂਗਤ ਵਿਕਾਸ ਦੀ ਸਥਿਤੀ, ਆਲੇ ਦੁਆਲੇ ਦਾ ਪ੍ਰਭਾਵ, ਭੂਤਕਾਲ ਦੀ ਖਿਚ, ਅਤੇ ਨਵੇਂ ਅਨੁਭਵਾਂ ਆਦਿ ਦੀ ਮੌਲਕਤਾ ਸਭੋ ਕੁਝ ਹੀ ਰੂਪ ਨੂੰ ਪ੍ਰਭਾਵਤ ਕਰਦਾ ਹੈ।**’’[4] ਕਿਸੇ ਰੂਪਾਕਾਰ ਦਾ ਅਧਿਐਨ ਉਸ ਵਿਚਲੀ ਵਸਤੂ ਤੋਂ ਪਾਰ ਲੰਘ ਕੇ ਵਸਤੂ ਨੂੰ ਪ੍ਰਭਾਵਿਤ ਕਰਨ ਵਾਲੇ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਤੱਤਾਂ ਨੂੰ ਵੀ ਆਪਣੇ ਅੰਦਰ ਸੰਮਿਲਤ ਕਰਦਾ ਹੈ। ਇਸ ਤਰ੍ਹਾਂ ਉਪਰੋਕਤ ਮਾਡਲ ਨੂੰ ਆਧਾਰ ਬਣਾ ਕੇ ਜਨਮ ਨਾਲ ਸੰਬੰਧਿਤ ਜਕੜੀ ਲੋਕ-ਗੀਤ ਵਿਚਲੇ ਤੱਤਾਂ ਨੂੰ ਮਾਡਲ ਰਾਹੀਂ ਸਮਝਣ ਦੀ ਕੋਸ਼ਿਸ਼ ਕਰਨਾ ਹੈ :

**ਜਕੜੀ (ਜਨਮ ਗੀਤ)**

**ਬੰਨਾ ਤੋੜ ਲਿਆਇਆ ਧਨੀਆਂ ਪਕੌੜੀ ਪਾਊਂਗੀ**

**ਤੇਰੇ ਬਾਬਾ ਕੀ ਦਾਬਤ ਖੁਸ਼ੀ ਸੈ ਕਰੂੰਗੀ, ਤੇਰੀ ਦਾਦੀ ਕਾ ਚੁੱਲ੍ਹਾ ਮੈਂ ਡੇਰੇ ਧਰੂੰਗੀ।**

**ਬੰਨਾ ਤੋੜ ਲਿਆਇਆ ਧਨੀਆਂ ਪਕੌੜੀ ਪਾਊਂਗੀ**

**ਤੇਰੇ ਤਾਇਆ ਕੀ ਦਾਬਤ ਖੁਸ਼ੀ ਸੈ ਕਰੂੰਗੀ, ਤੇਰੀ ਤਾਈ ਕਾ ਚੁੱਲ੍ਹਾ ਮੈਂ ਡੇਰੇ ਧਰੂੰਗੀ**

**ਬੰਨਾ ਤੋੜ ਲਿਆਇਆ ਧਨੀਆਂ ਪਕੌੜੀ ਪਾਊਂਗੀ**

**ਤੇਰੇ ਚਾਚਾ ਕੀ ਦਾਬਤ ਖੁਸ਼ੀ ਸੈ ਕਰੂੰਗੀ, ਤੇਰੀ ਚਾਚੀ ਕਾ ਚੁੱਲ੍ਹਾ ਮੈਂ ਡੇਰੇ ਧਰੂੰਗੀ।**''[5]

ਜਕੜੀ ਤੋਂ ਭਾਵ ਹਾਸਾ-ਠੱਠਾ ਹੈ। ਲੋਕ-ਗੀਤ ਨੂੰ ਹੇਠ ਅਨੁਸਾਰ ਸੂਤਰ ਜਾਂ ਫਾਰਮੂਲੇ ਵਿਚ ਵੇਖਿਆ ਜਾ ਸਕਦਾ ਹੈ:

A = A1 + A2 + A3 + A4 + A5 + A6

B = B1 + B2 + B3

O = OBJECT

| | | | |
|---|---|---|---|
| A1 ਬੰਨਾ | B ਧਨੀਆ | O ਜਕੜੀ ਲੋਕ-ਗੀਤ | |
| A2 ਦਾਦਾ | B1 ਪਕੌੜੀ | | |
| A3 ਦਾਦੀ | B2 ਦਾਬਤ | | |
| A4 ਤਾਇਆ | B3 ਚੁੱਲ੍ਹਾ | | |
| A5 ਤਾਈ | | | |
| A5 ਚਾਚਾ | | | |
| A6 ਚਾਚੀ | | | |

ਹਰ ਮਾਂ ਲਈ ਉਸਦਾ ਪੁੱਤ ਲਾੜੇ ਤੋਂ ਘੱਟ ਨਹੀਂ ਹੁੰਦਾ ਹੈ। ਹਰ ਮਾਂ ਦੇ ਦਿਲ ਵਿਚ ਰੀਝ ਹੁੰਦੀ ਹੈ ਕਿ ਉਹ ਆਪਣੇ ਪੁੱਤ ਨੂੰ ਲਾੜਾ ਬਣਦਾ ਵੇਖੇ, ਸੋ ਮਾਂ ਆਪਣੀਆਂ ਇੱਛਾਵਾਂ, ਸੱਧਰਾਂ ਨੂੰ ਪੂਰਾ ਕਰਨ ਲਈ ਪੁੱਤ ਦੇ ਜਨਮ ਤੋਂ ਬਾਅਦ ਖੁਸ਼ੀ ਭਰੇ

ਗੀਤ ਗਾਉਂਦੀ ਹੈ ਅਤੇ ਪੁੱਤ ਨੂੰ ਪਿਆਰ ਵਿਚ ਬਹੁਤ ਸਾਰੇ ਸ਼ਬਦਾਂ ਜਰੀਏ ਦੁਲਾਰ ਅਤੇ ਪਿਆਰ ਨਾਲ ਪੁਕਾਰਦੀ ਹੈ। ਜੇਕਰ ਉਪਰੋਕਤ ਲੋਕ-ਗੀਤ ਨੂੰ ਇਸ ਮਾਡਲ ਦੇ ਆਧਾਰ ’ਤੇ ਰੱਖ ਕੇ ਸਮਝਦੇ ਹਾਂ ਤਾਂ ਬਹੁਤ ਕੁਝ ਨਿਖੜ ਕੇ ਆਉਂਦਾ ਹੈ। ਇਸ ਜਕੜੀ ਲੋਕ-ਗੀਤ ਨੂੰ ‘O’ ਦੀ ਸੰਗਿਆਂ ਪ੍ਰਦਾਨ ਕੀਤੀ ਗਈ ਹੈ। ਇੱਥੇ ਮੁੱਖ ਪਾਤਰ/ਨਾਇਕ/ਕਰਤਾ/ ਸਬਜੈਕਟ ਬੰਨਾ ਹੈ ਜਿਸ ਨੂੰ ਸੂਤਰ ਮੁਤਾਬਕ ‘A’ ਮੰਨਿਆ ਗਿਆ ਹੈ। A ਕਰਤਾ ਦੇ ਨਾਲ ਦੂਸਰੇ ਰਿਸ਼ਤਾ ਨਾਤਾ ਪ੍ਰਣਾਲੀ ਨੂੰ A1 + A2 + A3 + A4 + A5 + A6 ਦੀ ਸੰਗਿਆ ਦਿੰਦੇ ਹਾਂ। ਜਿਸ ਵਿਚ ਕ੍ਰਮਵਾਰ ਬੰਨਾ, ਬਾਬਾ, ਦਾਦੀ, ਤਾਇਆ, ਤਾਈ, ਚਾਚਾ, ਚਾਚੀ ਆਉਂਦੇ ਹਨ ਅਤੇ ‘B’ ਦੀ ਸੰਗਿਆਂ ਜੋ ਸਮਾਜਿਕ ਉਣਤਾਈਆਂ ਨੂੰ ਪੇਸ਼ ਕਰਦੀ ਹੈ ਜਿਸ ਵਿਚ B1 + B2 + B3 ਕ੍ਰਮਵਾਰ ਪਕੌੜੀ, ਦਾਬਤ ਅਤੇ ਚੁੱਲ੍ਹਾ ਆਉਂਦੇ ਹਨ ਅਤੇ ਇਨ੍ਹਾਂ ਸਭ ਦਾ ਆਪਸੀ ਰਿਸ਼ਤਾ ਜੋ ਕਿ ਜਕੜੀ ਲੋਕ-ਗੀਤ ਦੇ ਸੰਦਰਭ ਵਿਚ ਪੇਸ਼ ਕੀਤਾ ਗਿਆ ਹੈ। ਜਿਸ ਨੂੰ ‘O’ ਦੀ ਸੰਗਿਆਂ ਦਿੱਤੀ ਗਈ ਹੈ। ਇਹ ਲੋਕ-ਗੀਤ ਤ੍ਰੈਮੁੱਖੀ ਜਾਂ ਤ੍ਰੈ-ਪ੍ਰਕਾਰਜੀ ਸਭਿਆਚਾਰ ਦੇ ਭਾਸ਼ਾਈ ਚਿੰਨ੍ਹ ਦੇ ਮੁਹਾਵਰੇ ਦੀ ਪੇਸ਼ਕਾਰੀ ਕਰਦੇ ਹਨ। ਜਿਸ ਵਿਚ ਚਿੰਨ੍ਹ ਵੀ ਹੈ ਤੇ ਚਿੰਹਨਤ ਵੀ ਜਿਸ ਨੂੰ ਹੇਠ ਅਨੁਸਾਰ ਪ੍ਰਸੰਗ ਦੇ ਰੂਪ ਵਿਚ ਪ੍ਰਗਟਾ ਸਕਦੇ ਹਾਂ :

**Singnifier (A)**

**Object**

**Singnified (B)**

ਚਿਹਨਕ (Singnifier) ਕਿਸੇ ਵਿਸ਼ੇਸ਼ ਵਿਚਾਰ ਨੂੰ ਪ੍ਰਗਟ ਕਰਨ ਦੀ ਸਮੱਰਥਾ ਰੱਖਦਾ ਹੈ ਅਤੇ ਦੂਜੇ ਪਾਸੇ ਚਿਹਨਤ (Singnified) ਵਿਚ ਸੰਚਾਰਿਤ ਹੋਣ ਵਾਲਾ ਵਿਚਾਰ ਸਥਿਰ ਹੁੰਦਾ ਹੈ। ਇਨ੍ਹਾਂ ਨੂੰ ਕ੍ਰਮਵਾਰ ਧੁਨੀ ਬਿੰਬ ਅਤੇ ਸੰਕਲਪ ਵੀ ਕਿਹਾ ਜਾਂਦਾ ਹੈ। ਇਸ ਦੀ ਮੂਲ ਵਿਸ਼ੇਸ਼ਤਾ ਇਹ ਹੈ ਕਿ ਇਹ ਕੇਵਲ ਭਾਸ਼ਕ ਵਰਤਾਰਿਆ ਦਾ ਹੀ ਸੰਰਚਨਾਤਮਕ ਪੱਖੋਂ ਅਧਿਐਨ ਨਹੀਂ ਕਰਦਾ ਬਲਕਿ ਪਰਾ-ਭਾਸ਼ਕ ਵਰਤਾਰਿਆ ਨੂੰ ਸਮਝਣ ਲਈ ਵੀ ਨਿਯਮ ਜਾਂ ਕੋਡ ਪ੍ਰਬੰਧ ਪ੍ਰਦਾਨ ਕਰਦੀ ਹੈ ਜਿਵੇਂ : ‘A’ ਇੱਥੇ ਪ੍ਰਮੁੱਖ ਪਾਤਰ ਹੈ ਜਿਸਨੂੰ Singnifier ਜਿਸ ਵਿਚ ਸਾਰੇ ਰਿਸ਼ਤੇ ਸ਼ਾਮਲ ਹਨ ਜਿਸ ਨੂੰ ਅੱਗੋਂ Sub Parts A1 + A2 + A3 + A4 + A5 + A6 ਦੀ ਸੰਗਿਆਂ ਦਿੱਤੀ ਗਈ ਹੈ। ਇਸੇ ਤਰ੍ਹਾਂ ਹੀ Singnified ਨੂੰ ‘B’ ਦੀ

ਸੰਗਿਆਂ ਦਿੱਤੀ ਗਈ ਹੈ ਜਿਸਦੇ ਅੱਗੇ Three Sub Parts B1 + B2 + B3 ਵਿਚ ਰੱਖਿਆ ਗਿਆ ਹੈ। ਇਸ ਤਰ੍ਹਾਂ A – Subject ਹੈ, B – Symbol's ਹਨ ਅਤੇ O – Object ਹੈ ਜੋ ਕਿ ਭਾਸ਼ਾ ਵਿਗਿਆਨ ਦੇ ਸੰਰਚਨਾਤਮਕ ਮਾਡਲ ਮੁਤਾਬਕ ਤ੍ਰੈਮੁੱਖੀ ਪ੍ਰਤੀਕ ਨੂੰ ਦ੍ਰਿਸ਼ਟੀਗੋਚਰ ਕਰਕੇ ਪੰਜਾਬੀ ਉਪ ਸਭਿਆਚਾਰ ਮਾਡਲਾ ਨੂੰ ਵਿਭਿੰਨ ਪੱਖਾਂ ਅਨੁਸਾਰ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਇਸ ਮਾਡਲ ਵਿਚ ਪੰਜਾਬ ਦੇ ਉੱਤਰ ਪੂਰਬੀ ਖਿੱਤੇ ਦੇ ਮਨੁੱਖ ਦੀ ਆਪਣੀ ਸਭਿਆਚਾਰਕ ਅਤੇ ਸਮਾਜਿਕ ਸੰਰਚਨਾ ਪ੍ਰਤੀ ਬੇਰੁੱਖੀ ਅਤੇ ਇਕਸੁਰਤਾ ਨੂੰ ਵੇਖਣ ਦਾ ਯਤਨ ਵੀ ਸ਼ਾਮਿਲ ਹੈ। ਉਪਰੋਕਤ ਲੋਕ-ਗੀਤ ਦੇ ਉਪ ਸਭਿਆਚਾਰ ਅਧਿਐਨ ਤੋਂ ਇਹ ਵੇਖਣ ਦਾ ਯਤਨ ਕੀਤਾ ਗਿਆ ਹੈ ਕਿ ਮੁੱਖ ਕਰਤਾ ਦੇ ਖਾਹਿਸ਼ ਬਿੰਦੂ ਉਤਪੰਨ ਹੋਣ ਵਿਚ ਕਿਹੜਾ ਸਮਾਜਿਕ, ਸਭਿਆਚਾਰਕ ਅਤੇ ਮਾਨਸਿਕ ਪ੍ਰਤੀਕਰਮ ਕੰਮ ਕਰ ਰਿਹਾ ਹੈ। ਜਿੱਥੇ ਇਹ ਮਾਡਲ ਲੋਕ-ਗੀਤ ਦੀ ਅਾਂਤਰਿਕ ਸੰਰਚਨਾ ਨੂੰ ਸਮਝਣ ਦੀ ਕੋਸ਼ਿਸ਼ ਕਰਵਾਉਂਦਾ ਹੈ ਉੱਥੇ ਲੋਕ-ਗੀਤ ਦੀ ਸੰਰਚਨਾ ਰਾਹੀਂ ਪੁਆਧੀ ਮਨੁੱਖ ਦੇ ਮਨ ਦੀਆਂ ਵੱਖ-ਵੱਖ ਪਰਿਸਥਿਤੀਆਂ ਨੂੰ ਫੜਨ ਦਾ ਯਤਨ ਵੀ ਕਰਦਾ ਹੈ।

ਉਪਰੋਕਤ ਸੰਦਰਭ ਨੂੰ ਵਾਚਣ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਲੋਕ-ਗੀਤ ਨੂੰ ਭਾਸ਼ਾਈ ਮਾਡਲ ਦੇ ਰੂਪ ਵਿਚ ਵਰਤ ਕੇ ਦੇਖਦੇ ਹਾਂ ਤਾਂ ਇਨ੍ਹਾਂ ਨੂੰ ਸਮਝਣ ਵਿਚ ਸੋਖਾਈ ਮਹਿਸੂਸ ਹੁੰਦੀ ਹੈ ਕਿਉਂਕਿ ਭਾਸ਼ਾ ਵਿਗਿਆਨੀਆਂ ਨੇ ਜੋ ਮਾਡਲ ਇਨ੍ਹਾਂ ਪ੍ਰਤੀਕਮਈ ਚਿੰਨ੍ਹਾਂ ਲਈ ਵਰਤੇ ਹਨ ਉਹ ਆਪਣੇ ਆਪ ਵਿਚ ਆਪਣੇ ਮੂਲ ਸੰਦਰਭ ਦੀ ਵਿਆਖਿਆ ਕਰਦੇ ਹੋਏ ਆਪਣੇ ਰੀਤੀ-ਰਿਵਾਜ਼ ਨੂੰ ਵੱਖਰੇ ਸੰਦਰਭ ਵਿਚ ਪੇਸ਼ ਕਰਦੇ ਹਨ। ਇਸ ਤਰ੍ਹਾਂ O=Object ਨੂੰ (A+B) ਦੀ ਸੰਗਿਆਂ ਦੇ ਕੇ Signified + Significance ਵਿਧੀਆਂ ਰਾਹੀਂ ਚੰਗੀ ਤਰ੍ਹਾਂ ਸਮਝਕੇ ਉਸਨੂੰ ਆਪਣੇ ਇਸ ਹੱਥਲੇ ਖੋਜ-ਪੱਤਰ ਵਿਚ ਪ੍ਰਸਤੁੱਤ ਕੀਤਾ ਗਿਆ ਹੈ।

## ਹਵਾਲੇ ਅਤੇ ਟਿੱਪਣੀਆਂ

1. ਅੰਗਰੇਜ਼ੀ-ਪੰਜਾਬੀ ਕੋਸ਼, ਪੰਨਾ .663

2. ਡਾ. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ, ਪੰਨਾ .51

3. ਡਾ. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ. 163

4. A.Lunacharsky; On Literature and Art, page. 12

5. ਅਰੁਣਾ ਅਤੇ ਸਿਮਰਨ, ਪਿੰਡ ਨਿਆ ਸ਼ਹਿਰ, ਜ਼ਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ ਮੋਹਾਲੀ ਵਿਚੋਂ ਖੇਤਰੀ ਖੋਜ-ਕਾਰਜ ਦੌਰਾਨ ਇਕੱਤਰ ਕੀਤੇ ਲੋਕ ਗੀਤ.